**ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ ਪੰਜਾਬ**

**(ਮੈਡੀਕਲ ਸਿੱਖਿਆ ਭਵਨ, ਪਲਾਟ ਨੰ:2, ਸੈਕਟਰ-69, ਐਸ.ਏ.ਐਸ. ਨਗਰ)**

**(ਐਮ.ਈ-2 ਸਾਖਾ)**

ਵੱਲ,

ਮੈਡੀਕਲ ਸੁਪਰਡੰਟ,
ਰਾਜਿੰਦਰਾ ਹਸਪਤਾਲ, ਪਟਿਆਲਾ।

ਨੰ:4ਐਮ.ਈ.2-ਪੰ-2018/ 4208
ਮਿਤੀ ਐਸ.ਏ.ਐਸ.ਨਗਰ:- 12-3-18

ਵਿਸਾ:- **ਮਿਤੀ 08.02.2018 ਨੂੰ ਦਫਤਰ ਡੀ.ਆਰ.ਐਮ.ਈ, ਪੰਜਾਬ ਵਿਖੇ ਜੁਆਇੰਟ ਐਕਸਨ ਕਮੇਟੀ ਨਾਲ ਹੋਈ ਮੀਟਿੰਗ ਦੀ ਪ੍ਰੋਸੀਡਿੰਗਜ ਦੀ ਕਾਪੀ ਭੇਜਣ ਬਾਰੇ।**

***

ਉਪਰੋਕਤ ਵਿਸੇ ਦੇ ਹਵਾਲੇ ਵਿੱਚ।

ਵਿਸਾ ਅੰਕਿਤ ਕੇਸ ਵਿੱਚ ਆਪ ਨੂੰ ਮਿਤੀ 08.02.2018 ਨੂੰ ਦਫਤਰ ਡੀ.ਆਰ.ਐਮ.ਈ, ਪੰਜਾਬ ਵਿਖੇ ਜੁਆਇੰਟ ਐਕਸਨ ਕਮੇਟੀ ਨਾਲ ਹੋਈ ਮੀਟਿੰਗ ਦੀ ਪ੍ਰੋਸੀਡਿੰਗਜ ਦੀ ਕਾਪੀ (ਅਸਲ ਰੂਪ ਵਿੱਚ) ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਸ ਦੀ ਕਾਪੀ ਜੱਥੇਬੰਦੀ ਦੇ ਨੁਮਾਇੰਦਿਆਂ ਨੂੰ ਆਪਣੇ ਪੱਧਰ ਤੇ ਸਰਕੂਲੇਟ ਕਰ ਦਿੱਤੀ ਜਾਵੇ।

ਇਸਨੂੰ ਅਤੀ ਜਰੂਰੀ ਸਮਝਿਆ ਜਾਵੇ।

ਨੱਥੀ- ਪ੍ਰੋਸੀਡਿੰਗ ਦੀ ਅਸਲ ਕਾਪੀ।
(ਕੁੱਲ ਪੰਨੇ-6)

**ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।**

-1-

ਵਿਸ਼ਾ:- ਇੰਪਲਾਈਜ਼ ਜੁਆਇੰਟ ਐਕਸ਼ਨ ਕਮੇਟੀ ਮੀਟਿੰਗ ਦੀ ਪ੍ਰੋਸਿਡਿੰਗਸ।

ਮਿਤੀ 08.02.2018 ਨੂੰ ਸਵੇਰੇ 11:00 ਵਜੇ ਦਫ਼ਤਰ ਡੀ.ਆਰ.ਐਮ.ਈ. ਪੰਜਾਬ,ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਡੀ.ਆਰ.ਐਮ.ਈ. ਜੀ ਦੀ ਪ੍ਰਧਾਨਗੀ ਵਿੱਚ ਜੁਆਇੰਟ ਐਕਸ਼ਨ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਹੇਠ ਲਿਖੇ ਅਧਿਕਾਰੀ/ਕਰਮਚਾਰੀ ਹਾਜਰ ਹੋਏ:-

1) ਡਾ. ਅਵਨੀਸ਼ ਕੁਮਾਰ, ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।
2) ਡਾ. ਗੁਰਦੀਪ ਸਿੰਘ ਕਲਿਆਣ, ਸੰਯੁਕਤ ਡਾਇਰੈਕਟਰ, ਖੋਜ਼ ਅਤੇ ਮੈਡੀਕਲ ਸਿੱਖਿਆ ਪੰਜਾਬ।
3) ਡਾ. ਭੁਪਿੰਦਰ ਸਿੰਘ ਬਰਾੜ, ਮੈਡੀਕਲ ਸੁਪਰਡੰਟ, ਰਾਜਿੰਦਰਾ ਹਸਪਤਾਲ ਪਟਿਆਲਾ।
4) ਸ਼੍ਰੀ ਬਲਦੇਵ ਸਿੰਘ, ਸੁਪਰਡੰਟ ਗ੍ਰੇਡ-1, ਐਮ.ਈ-2 ਸਾਖਾ, ਦਫ਼ਤਰ ਡੀ.ਆਰ.ਐਮ.ਈ, ਪੰਜਾਬ।
5) ਸ਼੍ਰੀ ਸਰਬਜੀਤ ਸਿੰਘ, ਸੀਨੀਅਰ ਸਹਾਇਕ, ਐਮ.ਈ-2 ਸਾਖਾ, ਦਫ਼ਤਰ ਡੀ.ਆਰੀ.ਐਮ.ਈ, ਪੰਜਾਬ।
6) ਸਾਥੀ ਦਰਸ਼ਨ ਸਿੰਘ ਲੁਸਾਣਾ, ਪ੍ਰਧਾਨ ਸੁਬੋਰਡੀਨੇਟ ਸਰਵਿਸ ਫੈਡਰੇਸ਼ਨ, ਪੰਜਾਬ।
7) ਸ਼੍ਰੀ ਰਾਮ ਕ੍ਰਿਸ਼ਨ, ਪ੍ਰਧਾਨ ਜੁਆਇੰਟ ਕਮੇਟੀ।
8) ਸ਼੍ਰੀ ਸਵਰਨ ਸਿੰਘ ਬੰਗਾ, ਜਨਰਲ ਸਕੱਤਰ।
9) ਸ਼੍ਰੀ ਗੁਰਮੁਖ ਸਿੰਘ, ਸੀਨੀ.ਮੀਤ ਪ੍ਰਧਾਨ।
10) ਸ਼੍ਰੀ ਕਮਲ ਗਿੱਲ, ਮੀਤ ਪ੍ਰਧਾਨ।
11) ਸ਼੍ਰੀ ਅਰਮ ਨਾਥ, ਟੀ.ਬੀ. ਹਸਪਤਾਲ।
12) ਸ਼੍ਰੀ ਰਤਨ ਕੁਮਾਰ,
13) ਸ਼੍ਰੀ ਜੋਗਿੰਦਰ ਜੋਗੀ, ਐਮ.ਐਲ.ਟੀ.
14) ਸ਼੍ਰੀ ਬਲਵੀਰ ਸਿੰਘ, ਕੈਸ਼ੀਅਰ
15) ਸ਼੍ਰੀ ਦਿਲਬਾਗ ਸਿੰਘ,
16) ਸ਼੍ਰੀ ਅਰਮ ਨਾਥ ਸੈਦੀ, ਡੈਂਟਲ ਕਾਲਜ
17) ਸ਼੍ਰੀ ਮਹਿੰਦਰ ਸਿੰਘ

ਮੀਟਿੰਗ ਵਿੱਚ ਯੂਨੀਅਨ ਦੀਆਂ ਮੰਗ ਅਨੁਸਾਰ ਲਏ ਗਏ ਫੈਸਲੇ ਹੇਠ ਲਿਖੇ ਅਨੁਸਾਰ ਹਨ :-

| ਮੰਗ ਨੰ. | ਮੁੱਖ ਮੰਗ | ਮੰਗ ਦਾ ਵੇਰਵਾ | ਮੰਗ ਸਬੰਧੀ ਕੀਤੀ ਜਾਣ ਵਾਲੀ ਕਾਰਵਾਈ |
|---|---|---|---|
| 1 | ਖੋਜ਼ ਅਤੇ ਮੈਡੀਕਲ ਸਿੱਖਿਆ ਵਿਭਾਗ ਅਧੀਨ ਵੱਖ-ਵੱਖ ਕੈਟਾਗਿਰੀ ਦੀਆਂ ਖਾਲੀ ਆਸਾਮੀਆਂ ਪੱਕੀ ਭਰਤੀ ਰਾਹੀਂ ਭਰਨ ਬਾਰੇ। | ਸਰਕਾਰੀ ਮੈਡੀਕਲ ਕਾਲਜ, ਡੈਂਟਲ ਕਾਲਜ, ਰਾਜਿੰਦਰਾ ਹਸਪਤਾਲ, ਟੀ.ਬੀ. ਹਸਪਤਾਲ ਅਤੇ ਆਯੂਰਵੈਦਿਕ ਕਾਲਜ ਪਟਿਆਲਾ ਵਿਚ ਦਰਜਾ-4 ਦੀਆਂ ਲਗਭਗ 400 ਦੇ ਕਰੀਬ (ਜਿਨ੍ਹਾਂ ਵਿੱਚ ਸਫਾਈ ਸੇਵਕ ਦੀਆਂ 300 ਦੇ ਕਰੀਬ) ਆਸਾਮੀਆ ਖਾਲੀ ਪਈਆਂ ਹਨ ਇਸ ਤਰ੍ਹਾ ਦਰਜਾਂ-3 ਦੀਆਂ ਵੀ ਲਗਭੱਗ 300 ਆਸਾਮੀਆਂ ਖਾਲੀ ਹਨ। ਜਿਸ ਕਾਰਨ ਮਰੀਜਾਂ ਦੀਆਂ ਜਰੂਰੀ ਸੇਵਾਵਾਂ ਵਿੱਚ ਕਾਫੀ ਹਰਜਾ ਹੋ ਰਿਹਾ ਹੈ। | ਜੁਆਇੰਟ ਐਕਸ਼ਨ ਕਮੇਟੀ ਦੀ ਇਸ ਮੰਗ ਸਬੰਧੀ ਅਧੀਨ ਸੰਸਥਾਵਾਂ ਵਿੱਚ ਖਾਲੀ ਪਈਆਂ ਦਰਜਾਂ-3 ਅਤੇ ਦਰਜਾ-4 ਦੀਆਂ ਆਸਾਮੀਆਂ ਨੂੰ ਭਰਨ ਲਈ ਸਰਕਾਰ ਨਾਲ ਤਾਲਮੇਲ ਕੀਤਾ ਜਾਵੇਗਾ। ਇਸ ਸਮੇਤ ਟੈਕਨੀਕਲ ਤੋ ਇਲਾਵਾਂ ਭਰਤੀ ਸਬੰਧੀ ਪਹਿਲਾਂ ਚੱਲ ਰਹੀ ਕਾਰਵਾਈ ਨੂੰ ਅੱਗੇ ਤੋਰਿਆ ਜਾਵੇ ਜਿਨ੍ਹਾਂ ਦੀ ਭਰਤੀ ਸਬੰਧੀ ਸਕਰੂਟਨੀ ਪੈਂਡਿੰਗ ਹੈ। |
| 2 | ਸਮੂਹ ਠੇਕਾ ਆਧਾਰਿਤ ਕਰਮਚਾਰੀਆਂ ਦੀਆਂ ਰੈਗੂਲਰ ਨਿਯੁਕਤੀਆਂ ਕਰਨ ਬਾਰੇ। | ਸਰਕਾਰੀ ਮੈਡੀਕਲ ਕਾਲਜ, ਡੈਂਟਲ ਕਾਲਜ, ਰਾਜਿੰਦਰਾ ਹਸਪਤਾਲ, ਟੀ.ਬੀ. ਹਸਪਤਾਲ ਅਤੇ ਆਯੂਰਵੈਦਿਕ ਕਾਲਜ ਪਟਿਆਲਾ ਵਿੱਚ ਕੰਮ ਕਰਦੇ ਵੱਖ-ਵੱਖ ਕੈਟਾਗਿਰੀਆਂ ਦੇ ਕਮਰਚਾਰੀਆਂ ਨੂੰ ਰੈਗੂਲਰ ਤੌਰ ਤੇ ਨਿਯੁਕਤ ਕੀਤਾ ਜਾਵੇ ਤਾਂ ਜੋ ਇਨ੍ਹਾਂ ਨੂੰ ਬਾਕੀ ਦੇ ਰੈਗੂਲਰ ਤੌਰ ਤੇ ਕੰਮ ਕਰ ਰਹੇ ਕਰਮਚਾਰੀਆਂ ਦੀ ਤਰ੍ਹਾਂ ਰੈਗੂਲਰ ਸਕੇਲ ਵਿੱਚ ਤਨਖਾਹ ਅਤੇ ਹੋਰ ਭੱਤੇ ਮਿਲ ਸਕਣ। ਜਿਸ ਨਾਲ ਇਹ ਆਪਣੇ ਪਰਿਵਾਰ ਦਾ ਗੁਜਾਰਾ ਕਰ ਸਕਣ। ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਠੇਕੇ ਦੇ ਆਧਾਰ ਤੇ ਕੰਮ ਕਰ ਰਹੇ ਕਰਮਚਾਰੀਆਂ ਨੂੰ ਪੱਕੇ ਕਰਨ ਨਾਲ ਵਿਭਾਗ ਤੇ ਕੋਈ ਵੀ ਵਿੱਤੀ ਬੋਝ ਨਹੀਂ ਪਵੇਗਾ। ਕਿਉਂਕ ਇਨ੍ਹਾਂ ਨੂੰ ਤਿੰਨ ਸਾਲ ਲਈ ਮੌਜੂਦਾ ਤਨਖਾਹ ਦਿੱਤੀ ਜਾਣੀ ਹੈ। | ਪਿਛਲੀ ਸਰਕਾਰ ਵੱਲੋਂ "ਇੰਪਲਾਈਜ ਵੈਲਫੇਅਰ ਐਕਟ-2016" ਮਿਤੀ 24.12.2016 ਨੂੰ ਜਾਰੀ ਕੀਤਾ ਗਿਆ ਸੀ। ਇਸ ਐਕਟ ਅਧੀਨ ਉਕਤ ਦਰਸਾਏ ਕਾਮਿਆ ਨੂੰ ਰੈਗੂਲਰ ਕਰਨ ਸਬੰਧੀ ਪ੍ਰਕਿਆ/ਰੈਗੂਲਰ ਕਰਨ ਸਬੰਧੀ ਉਪਬੰਧ ਕੀਤਾ ਗਿਆ ਸੀ, ਪਰੰਤੂ ਮੌਜੂਦਾ ਸਰਕਾਰ ਵੱਲੋਂ ਹਾਲ ਦੀ ਘੜੀ ਠੇਕੇ ਉੱਤੇ ਭਰਤੀ ਕੀਤੇ ਕਰਮਚਾਰੀ ਜ਼ੋ ਪਿਛਲੇ ਲੰਬੇ ਸਮੇਂ ਤੋਂ ਕੰਮ ਕਰ ਰਹੇ ਹਨ, ਪ੍ਰੰਤੂ ਜੁਆਇੰਟ ਐਕਸਨ ਕਮੇਟੀ ਨੇ ਬੇਨਤੀ ਕੀਤੀ ਕਿਉ ਕਿ ਕੰਮ ਕਰ ਰਹੇ ਕਾਟਰੈਕਟ ਤੇ ਕੰਮ ਕਰ ਰਹੇ ਕਰਮਚਾਰੀਆਂ ਨੂੰ ਪੱਕਾ ਕਰਕੇ ਤੇ ਵਿਭਾਗ ਸਿਰ ਤਿੰਨ ਸਾਲ ਲਈ ਕੋਈ ਵਿੱਤੀ ਬੋਝ ਨਹੀ ਪੈਂਦਾ ਇਸ ਲਈ ਇਹ ਮੰਗ ਨੂੰ ਮੰਨ ਲਿਆ ਜਾਵੇ। |
| 3 | ਤਰਸ ਦੇ ਆਧਾਰ ਤੇ ਪੈਂਡਿੰਗ ਕੇਸਾਂ ਦਾ ਨਿਬੇੜਾ ਕਰਦੇ ਹੋਏ ਲੋੜਵੰਦਾਂ ਨੂੰ ਨਿਯੁਕਤੀ ਪੱਤਰ ਦਿੱਤੇ ਜਾਣ। | ਵਿਭਾਗ ਵਿਚਲੇ ਮ੍ਰਿਤਕ ਕਰਮਚਾਰੀਆਂ ਦੇ ਆਸਰਿਤ ਮੈਂਬਰਜ ਨੂੰ ਤਰਸ ਦੇ ਆਧਾਰ ਤੇ ਨੌਕਰੀਆਂ ਦੇਣ ਦੇ ਮਾਮਲੇ ਲੰਮੇ ਸਮੇਂ ਤੋਂ ਲਮਕ ਅਵਸਥਾ ਵਿੱਚ ਪਏ ਹਨ। ਜਿਨ੍ਹਾਂ ਦੇ ਵੇਰਵੇ ਸਕੱਤਰ ਪੰਜਾਬ ਸਰਕਾਰ ਖੋਜ਼ ਅਤੇ ਮੈਡੀਕਲ ਸਿੱਖਿਆ ਜੀ ਪਾਸ ਅਤੇ ਡਾਇਰੈਕਟਰ ਖੋਜ਼ ਅਤੇ ਮੈਡੀਕਲ ਸਿੱਖਿਆ ਜੀ ਪਾਸ ਲੰਮੇ ਸਮੇਂ ਤੋਂ ਭੇਜੇ ਜਾ ਰਹੇ ਹਨ। ਪਰੰਤੂ ਇਨ੍ਹਾਂ ਵਿਚ ਤਰਸ ਦੇ ਆਧਾਰ ਤੇ ਨੋਕਰੀਆਂ ਦੇਣ ਦੇ ਕਿਸੇ ਵੀ ਮਾਮਲੇ ਦਾ ਨਿਪਟਾਰਾ ਨਹੀ ਕੀਤਾ ਜਾ ਰਿਹਾ। ਜਿਸ ਕਰਕੇ ਮ੍ਰਿਤਕ ਕਰਮਚਾਰੀਆਂ ਦੇ ਪਰਿਵਾਰਕ ਮੈਂਬਰਜ ਆਰਥਿਕ ਤੰਗੀ ਵਿੱਚੋਂ ਲੰਘ ਕਰੇ ਹਨ। ਇਸ ਨਹੀ ਬੇਨਤੀ ਹੈ ਕਿ ਵਿਭਾਗ ਵਿੱਚ ਲਮਕ ਅਵਸਥਾ ਵਿੱਚ ਪਏ ਤਰਸ ਦੇ ਆਧਾਰਤ ਮਾਮਲਿਆਂ ਦਾ ਨਿਪਟਾਰਾ ਕੀਤਾ ਜਾਵੇ | ਯੂਨੀਅਨ ਵੱਲੋਂ ਤਰਸ ਦੇ ਆਧਾਰ ਤੇ ਪੈਂਡਿੰਗ ਪਏ ਪੁਰਾਣੇ ਕੇਸਾਂ ਦਾ ਨਿਪਟਾਰਾ ਕਰਨ ਲਈ ਆਖਿਆ ਗਿਆ ਹੈ। ਇਹ ਕੇਸ ਪਹਿਲਾਂ ਇਸ ਦਫ਼ਤਰ ਵੱਲੋਂ ਵੱਖ-ਵੱਖ ਕਮੀਆਂ ਕਾਰਨ ਰੱਦ ਕਰ ਦਿੱਤੇ ਗਏ ਸਨ, ਪਰੰਤੂ ਯੂਨੀਅਨ ਦੀ ਮੰਗ ਹੈ ਕਿ ਇਨ੍ਹਾਂ ਉੱਤੇ ਮੁੜ ਨਜ਼ਰਸਾਨੀ ਕੀਤੀ ਜਾਵੇ। ਇਸ ਸਬੰਧੀ ਕਾਰਵਾਈ ਦੋ ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਕੀਤੇ ਜਾਣ ਦਾ ਸਮਾਂ ਨਿਸਚਿਤ ਕੀਤਾ ਗਿਆ ਹੈ। |

| | | | |
|---|---|---|---|
| | | ਤੇ ਆਸਰਿਤ ਮੈਂਬਰਾਂ ਨੂੰ ਉਹਨਾਂ ਦੀ ਵਿੱਦਿਅਕ ਯੋਗਤਾ ਅਨੁਸਾਰ ਤਰਸ ਦੇ ਆਧਾਰ ਤੇ ਨੌਕਰੀਆਂ ਦਿੱਤੀਆਂ ਜਾਣ ਅਤੇ ਇਨ੍ਹਾਂ ਕੇਸਾਂ ਨੂੰ ਲਮਕਾਉਣ ਤੇ ਜਿੰਮੇਵਾਰੀ ਫਿਕਸ ਕੀਤੀ ਜਾਵੇ ਜੀ। | |
| 4 | ਖੋਜ਼ ਅਤੇ ਮੈਡੀਕਲ ਸਿੱਖਿਆ ਵਿਭਾਗ ਦੇ ਡਰਾਫਟ ਰੂਲਾਂ ਵਿੱਚ ਸਾਰੀਆਂ ਕੈਟਾਗਰੀਜ ਲਈ ਪਦਉਨਤੀਆਂ ਦਾ ਉਪਬੰਧ ਕਰਦੇ ਹੋਏ ਸੇਵਾ ਰੂਲਜ ਦੇ ਤੌਰ ਤੇ ਨੋਟੀਫਿਕੇਸਨ ਕਰਨ ਬਾਰੇ। | ਖੋਜ਼ ਅਤੇ ਮੈਡੀਕਲ ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਬਹੁਤ ਸਾਰੇ ਟੈਕਨੀਕਲ ਕਰਮਚਾਰੀ ਜਿਵੇਂ ਲੈਦਰ ਵਰਕਰ, ਮੈਟਲ ਵਰਕਰ, ਸੂ ਮੇਕਰ, ਵੈਲਡਰ, ਪੇਂਟਰ, ਕਾਰਪੇਂਟਰ, ਟੇਲਰ, ਮਸੀਨਿਸਟ, ਪਲੰਬਰ, ਪ੍ਰੋਜੈਕਟਨਿਸਟ, ਮਿਓਜੀਅਮ ਕੀਪਰ ਆਦਿ ਕੈਟਾਗਿਰੀਆਂ ਦੇ ਕਰਮਚਾਰੀ ਜਿਸ ਆਸਾਮੀ ਤੇ ਭਰਤੀ ਹੁੰਦੇ ਹਨ, ਉਸੇ ਆਸਾਮੀ ਅਤੇ ਸਕੇਲ ਤੇ ਹੀ ਰਿਟਾਇਰ ਹੋ ਜਾਂਦੇ ਹਨ। ਇਨ੍ਹਾਂ ਲਈ ਵਿਭਾਗੀ ਡਰਾਫਟ ਰੂਲਾਂ ਵਿੱਚ ਕੋਈ ਪਦ-ਉੱਨਤੀ ਦਾ ਉਪਬੰਧ ਨਹੀਂ ਹੈ। ਸੋ ਸਿਹਤ ਵਿਭਾਗ ਵਾਂਗ ਡਰਾਫਟ ਰੂਲਾਂ ਵਿੱਚ ਸੋਧ ਕਰਦਿਆਂ ਸਾਰੀਆਂ ਕੈਟਾਗਿਰੀਆਂ ਦੇ ਲਈ ਪਦ ਉੱਨਤੀਆਂ ਦਾ ਉਪਬੰਧ ਕਰਕੇ ਡਰਾਫਟ ਰੂਲਾਂ ਨੂੰ ਪੰਜਾਬ ਸਰਕਾਰ ਤੋਂ ਸੇਵਾ ਰੂਲਾਂ ਦੇ ਤੌਰ ਤੇ ਪ੍ਰਵਾਨ ਕਰਵਾਇਆ ਜਾਵੇ। | ਡਰਾਫਟ ਰੂਲਾਂ ਵਿਚ ਸੋਧ ਵਿਭਾਗ ਦੀ ਪੱਧਰ ਤੇ ਤਿੰਨ ਅਧਿਕਾਰੀਆਂ ਦੀ ਕਮੇਟੀ ਗਠਿਤ ਕੀਤੀ ਜਾਵੇਗੀ ਅਤੇ ਇਸ ਤੋ ਇਲਾਵਾ ਇੱਕ ਨੁਮਾਇੰਦਾ ਜੁਆਇੰਟ ਐਕਸਨ ਕਮੇਟੀ ਦੀ ਵੀ ਸਾਮਿਲ ਹੋਵੇਗਾ। ਯੂਨੀਅਨ ਵੱਲੋਂ ਸ੍ਰੀ ਸਵਰਨ ਸਿੰਘ ਬੰਗਾ ਨੂੰ ਬਤੌਰ ਮੈਂਬਰ ਸਾਮਿਲ ਕਰਨ ਲਈ ਸਹਿਮਤੀ ਦਿੱਤੀ ਗਈ ਹੈ ਤਾਂ ਜ਼ੋ ਡਰਾਫਟ ਰੂਲਾਂ ਵਿਚ ਲੋੜੀਂਦੀ ਸੋਧ ਕਰਦੇ ਹੋਏ ਇਨ੍ਹਾਂ ਨੂੰ ਸਰਕਾਰ ਪਾਸੋਂ ਨੋਟੀਫਾਈ ਕਰਵਾਇਆ ਜਾ ਸਕੇ। ਡਰਾਫਟ ਰੂਲਾਂ ਵਿੱਚ ਸੋਧ ਰਕਦੇ ਹੋਏ ਦਫ਼ਤਰ ਡੀ.ਐੱਚ.ਐਸ. , ਪੰਜਾਬ ਵੱਲੋਂ ਨੋਟੀਫਾਈ ਕੀਤੇ ਰੂਲਾਂ ਨੂੰ ਵੀ ਧਿਆਨ ਵਿੱਚ ਰੱਖ ਲਿਆ ਜਾਵੇ ਤਾਂ ਜ਼ੋ ਰੂਲਾਂ ਵਿੱਚ ਇਕਸਾਰਤਾ ਲਿਆਂਦੀ ਜਾ ਸਕੇ। |
| 5 | ਕਰਮਚਾਰੀਆਂ ਦੇ ਰਹਿਣ ਲਈ ਬਣਾਏ ਹੋਏ ਰਿਹਾਇਸੀ ਕੁਆਰਟਰਾਂ ਦੀ ਹਾਲਤ ਖਸਤਾ ਹੈ, ਇਹ ਕੁਆਰਟਰਾਂ ਨੂੰ ਨਵੇਂ ਬਣਾਉਣ ਬਾਰੇ। | ਕਰਮਚਾਰੀਆਂ ਦੇ ਰਿਹਾਇਸੀ ਕੁਆਰਟਰਾਂ ਦੀ ਹਾਲਤ ਬਾਰੇ ਕਈ ਵਾਰ ਉੱਚ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਜਾ ਚੁੱਕਾ ਹੈ ਪਰੰਤੂ ਇਸ ਪਾਸੇ ਕੋਈ ਢੁੱਕਵਾ ਹੱਲ ਨਹੀ ਕੱਢਿਆ ਗਿਆ ਉਲਟਾਂ ਕੁਆਰਟਰਾਂ ਨੂੰ ਖਾਲੀ ਕਰਵਾਉਣ ਬਾਰੇ ਲਿਖਿਆ ਜਾਂਦਾ ਰਿਹਾ। ਸੋ ਕਰਮਚਾਰੀਆਂ ਦੀਆਂ ਮੁਸਕਿਲਾਂ ਨੂੰ ਦੇਖਦੇ ਹੋਏ ਨਵੇਂ ਕੁਆਰਟਰ ਬਣਾਏ ਜਾਣ। | ਜੁਆਇੰਟ ਐਕਸਨ ਕਮੇਟੀ ਦੀ ਇਸ ਮੰਗ ਸਬੰਧੀ ਮੈਡੀਕਲ ਸੁਪਰਡੰਟ, ਰਾਜਿੰਦਰਾ ਹਸਪਤਾਲ ਪਟਿਆਲਾ ਵੱਲੋ ਕਾਰਵਾਈ ਕੀਤੇ ਜਾਣ ਦਾ ਇਸ ਸਰਤ ਤੇ ਭਰੋਸਾ ਦਿੱਤਾ ਗਿਆ ਹੈ ਕਿ ਇਸ ਸਬੰਧੀ ਲੋੜੀਂਦੇ ਫੰਡ ਸਰਕਾਰ ਵੱਲੋਂ ਜਾਰੀ ਕਰ ਦਿੱਤੇ ਜਾਣ ਤਾਂ ਪੁਰਾਣੇ ਕੁਆਰਟਰ ਜ਼ੋ ਅਣ ਸੇਫ ਹਨ ਦੀ ਥਾਂ ਨਵੇ ਮਲਟੀ ਸਟੋਰੀ ਕੁਆਰਟਰ ਬਨਾਉਣ ਤੇ ਸਹਿਮਤੀ ਹੋਈ ਹੈ। |
| 6 | ਨਵੇਂ ਖੁੱਲ੍ਹੇ ਵਿਭਾਗ ਲਈ (ਅਲਾਈਡ ਸਟਾਫ) ਦਰਜਾ-3 ਅਤੇ 4) ਆਸਾਮੀਆਂ ਦੀ ਰਚਨਾ ਕਰਕੇ ਰੈਗੂਲਰ ਤੌਰ ਤੇ ਭਰਨ ਬਾਰੇ। | ਸਰਕਾਰੀ ਮੈਡੀਕਲ ਜਾਕਲਜ, ਡੈਂਟਲ ਕਾਲਜ, ਰਾਜਿੰਦਰਾ ਹਸਪਤਾਲ, ਟੀ.ਬੀ. ਹਸਪਤਾਲ ਅਤੇ ਆਯੂਰਵੈਦਿਕ ਕਾਲਜ ਪਟਿਆਲਾ ਵਿੱਚ ਪਿਛਲੇ ਕਈ ਸਾਲਾਂ ਤੋ ਜ਼ੋ ਨਵੇਂ ਵਿਭਾਗ ਖੋਲ੍ਹੇ ਗਏ ਹਨ, ਉਨ੍ਹਾਂ ਵਿੰਚ ਅਲਾਈਡ ਸਟਾਫ ਦੀ ਰਚਨਾ ਨਹੀਂ ਕੀਤੀ ਗਈ। ਜਿਸ ਕਾਰਨ ਇਨ੍ਹਾਂ ਵਿਭਾਗਾਂ ਵਿੱਚ ਵੀ ਪਹਿਲਾਂ ਤੋਂ ਬਾਕੀ ਵਿਭਾਗ ਵਿੱਚ ਕੰਮ ਕਰ ਰਹੇ ਦਰਜਾ ਤਿੰਨ ਅਤੇ ਚਾਰ ਕਰਮਚਾਰੀਆਂ (ਅਲਾਈਡ ਸਟਾਫ) ਪਾਸੋ ਕੰਮ ਲਿਤਾ ਜਾਂਦਾ ਹੈ। ਇਸ ਨਾਲ ਮੁਲਾਜਮਾਂ ਤੇ ਕੰਮ ਦਾ ਵਾਧੂ ਬੋਝ ਪੈਂਦਾ ਹੈ ਅਤੇ ਮਰੀਜਾਂ ਦੀ ਦੇਖ ਭਾਲ ਵਿੱਚ ਹਰਜਾ ਹੁੰਦਾ ਹੈ। ਇਸ ਲਈ ਜੱਥੇਬੰਦੀ ਇਹ ਪੁਰਜੋਰ ਮੰਗ ਕਰਦੀ ਹੈ ਕਿ | ਜੱਥੇਬੰਦੀ ਦੀ ਇਸ ਮੰਗ ਸਬੰਧੀ ਸੰਸਥਾਵਾਂ ਵਿੱਚ ਨਵੇ ਖੋਲ੍ਹੇ ਗਏ ਵਿਭਾਗਾਂ ਲਈ ਅਲਾਈਡ ਸਟਾਫ ਦੀ ਜਰੂਰਤ ਅਨੁਸਾਰ ਲੋੜੀਂਦੀ ਤਜਵੀਜ ਭੇਜਣ ਲਈ ਮੈਡੀਕਲ ਸੁਪਰਡੰਟ, ਰਾਜਿੰਦਰਾ ਹਸਪਤਾਲ , ਪਟਿਆਲਾ ਨੂੰ ਆਖਿਆ ਗਿਆ ਹੈ ਤਾਂ ਜ਼ੋ ਮਾਮਲਾ ਸਰਕਾਰ ਨਾਲ ਟੇਕ-ਅੱਪ ਕੀਤਾ ਜਾ ਸਕੇ। ਇਸ ਤੋਂ ਇਲਾਵਾ ਪਹਿਲਾਂ ਹੀ ਖਾਲੀ ਪਈਆਂ ਆਸਾਮੀਆਂ ਨੂੰ ਭਰਨ ਲਈ ਕਾਰਵਾਈ ਵੀ ਕੀਤੀ ਜਾਵੇਗੀ। |

| | | | |
|---|---|---|---|
| | | ਨਵੇਂ ਖੋਲ੍ਹੇ ਵਿਭਾਗਾਂ ਲਈ ਅਲਾਈਡ ਸਟਾਫ ਦੀ ਰਚਨਾ ਕਰਕੇ ਇਨ੍ਹਾਂ ਨੂੰ ਤੁਰੰਤ ਭਰਨ ਦੀ ਕਾਰਵਾਈ ਕੀਤੀ ਜਾਵੇ। | |
| 7) | ਪਦ-ਉੱਨਤੀ ਹੋਣ ਵਾਲੀ ਆਸਾਮੀ ਖਾਲੀ ਹੋਣ ਤੇ ਤੁਰੰਤ ਅਗਲੇ ਯੋਗ ਕਰਮਚਾਰੀ ਨੂੰ ਪਦਉੱਨਤ ਕਰਨ ਬਾਰੇ। | ਜਿਸ ਤਰ੍ਹਾਂ ਡਾਕਟਰ/ਪ੍ਰੋਫੈਸਰ ਅਤੇ ਕਲੈਰੀਕਲ ਸਟਾਫ ਦੀਆਂ ਪਦ ਉੱਨਤੀ ਵਾਲੀਆਂ ਆਸਾਮੀਆਂ ਖਾਲੀ ਹੋਣ ਪਦ ਉੱਨਤੀਆਂ ਹੁੰਦੀਆਂ ਹਨ ਉਸੇ ਤਰ੍ਹਾਂ ਹੀ ਪੈਰ੍ਹਾ-ਮੈਡੀਕਲ ਸਟਾਫ ਜਿਵੇਂ ਲੈਬ ਅਟੈਂਡੈਂਟ, ਐਮ.ਐਲ.ਟੀ., ਨਰਸਿੰਗ ਸਿਸਟਰ, ਮੈਟਰਨ, ਨਰਸਿੰਗ ਸੁਪਰਡੰਟ, ਲਿੰਬ ਮੇਕਰ, ਇਲੈਕਟ੍ਰੀਸ਼ਨ ਆਦਿ ਨੂੰ ਵੀ ਪਦ ਉੱਨਤੀ ਆਸਾਮੀ ਖਾਲੀ ਹੋਣ ਦੇ ਪਦ ਉੱਨਤ ਕੀਤਾ ਜਾਵੇ। | ਇਹ ਮੰਗ ਡੀ.ਐੱਚ.ਐਸ., ਪੰਜਾਬ, ਚੰਡੀਗੜ੍ਹ ਦੀ ਪੱਧਰ ਤੇ ਵਿਚਾਰਨ ਯੋਗ ਹੈ। |
| 8) | ਮੈਡੀਕਲ ਲੈਬ ਟੈਕਨਾਲੋਜੀ ਦਾ ਕੋਰਸ ਵਿਭਾਗੀ ਕਰਮਚਾਰੀਆਂ ਲਈ ਦੁਬਾਰਾ ਚਾਲੂ ਕੀਤਾ ਜਾਵੇ। | ਇਹ ਕੋਰਸ ਪਿਛਲੇ ਕਾਫੀ ਸਮੇਂ ਤੋਂ ਬੰਦ ਪਿਆ ਹੈ ਇਸ ਸਬੰਧੀ ਫਾਈਲ ਸਕੱਤਰ ਪੱਧਰ ਤੇ ਪਾਸ ਹੋ ਚੁੱਕੀ ਹੈ ਇਸ ਲਈ ਇਹ ਕੋਰਸ ਨਵੇਂ ਸੈਸ਼ਨ ਤੋਂ ਸ਼ੁਰੂ ਕੀਤਾ ਜਾਵੇ। | ਇਸ ਮੰਗ ਸਬੰਧੀ ਸਰਕਾਰ ਦੀ ਪੱਧਰ ਤੇ ਹੋਏ ਫੈਸਲੇ ਦੀ ਕਾਪੀ ਪ੍ਰਾਪਤ ਕਰ ਲੈਣੀ ਯੋਗ ਹੋਵੇਗੀ, ਤਾਂ ਜੋ ਉਸ ਅਨੁਸਾਰ ਅਗਲੇਰੀ ਕਾਰਵਾਈ ਕੀਤੀ ਜਾ ਸਕੇ। |
| 9) | ਹਸਪਤਾਲਾਂ ਵਿੱਚ ਕੰਮ ਕਰਦੇ ਸਫਾਈ ਸੇਵਕਾਂ ਨੂੰ ਵਾਰਡ ਅਟੈਂਡੈਂਟ, ਮਾਲੀ ਅਤੇ ਚੌਕੀਦਾਰ ਆਦਿ ਬਣਾਇਆ ਜਾਵੇ। | | ਵਿਭਾਗ ਦੇ ਡਰਾਫਟ ਰੂਲਾਂ ਵਿੱਚ ਕਾਡਰ ਬਦਲੀ ਜਾਂ ਸਫਾਈ ਸੇਵਕ ਤੋਂ ਵਾਰਡ ਅਟੈਂਡੈਂਟ, ਮਾਲੀ ਜਾਂ ਚੌਕੀਦਾਰ ਬਣਾਉਣ ਦਾ ਕੋਈ ਉਪਬੰਧ ਨਹੀਂ ਹੈ। ਪਰੰਤੂ ਸੀਨੀਅਰ ਕਰਮਚਾਰੀਆਂ ਦੇ ਹੌਂਸਲਾ ਵਧਾਈ ਲਈ ਰੂਲਾਂ ਵਿੱਚ ਲੋੜੀਂਦੀ ਸੋਧ ਤਜਵੀਜ ਕੀਤੀ ਜਾਵੇਗੀ। |
| 10) | ਲੈਬ ਅਟੈਂਡੈਂਟ ਦੀ ਆਸਾਮੀ ਦਾ ਨਾਮ ਬਦਲ ਕੇ ਲੈਬ ਅਸਿਸਟੈਂਟ ਕਰਨ ਬਾਰੇ। | | ਇਸ ਮੰਗ ਸਬੰਧੀ ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਵੱਲੋਂ ਤਿੰਨ ਮੈਂਬਰੀ ਕਮੇਟੀ ਦਾ ਗਠਨ ਕਰਕੇ ਰਿਪੋਰਟ ਇਸ ਦਫਤਰ ਨੂੰ ਭੇਜੀ ਗਈ ਹੈ, ਜਿਸ ਅਨੁਸਾਰ ਇਹ ਮੰਗ ਪੂਰੀ ਨਹੀਂ ਕੀਤੀ ਜਾ ਸਕਦੀ। ਕਮੇਟੀ ਦੀ ਟਿੱਪਣੀ ਸਹਾਮਣੇ ਦਰਸਾਏ ਅਨੁਸਾਰ ਹੈ ਜੀ:-<br>In the light of above observation, the Committee feels that the Lab. Attendant can not be re-designated as Lab Assistant because their basic qualification & nature of work is entirely different. The Lab. Assistant is equivalent to Lab. Technician with basic qualification 10th +2 Science with diploma in Medical Laboratory Technology whereas Lab. Attendant is matriculate.<br>ਇਸ ਤੋਂ ਇਲਾਵਾ ਜਾਬ ਰਿਸਪਾਂਸੀਬਿਲਟੀਸ ਫਿਕਸ ਕਰਦੇ ਹੋਏ ਅਤੇ ਡਰਾਫਟ ਰੂਲਾਂ ਵਿੱਚ ਸੋਧ ਕਰਦੇ ਹੋਏ ਆਸਾਮੀ ਨੂੰ ਰੀ-ਨੇਮ ਕਰਨ ਸਬੰਧੀ ਕਾਰਵਾਈ ਕੀਤੀ ਜਾਵੇਗੀ। |
| 11) | ਵੋਕੇਸ਼ਨਲ ਛੁੱਟੀਆਂ ਬੰਦ ਕਰਨ ਬਾਰੇ। | ਮੈਡੀਕਲ ਕਾਲਜ ਅਧੀਨ ਕੰਮ ਕਰਦੇ ਦਰਜਾ-4 ਅਤੇ ਦਰਜਾ-3 ਜਿਵੇਂ ਲੈਬ ਅਟੈਂਡੈਂਟ ਲੈਬ ਟੈਕਨੀਸ਼ੀਅਨ ਆਦਿ ਕਰਮਚਾਰੀਆਂ ਨੂੰ ਵੋਕੇਸ਼ਨਲ ਛੁੱਟੀਆਂ ਮਿਲਦੀਆਂ ਹਨ। | ਜੱਥੇਬੰਦੀ ਦੀ ਇਸ ਮੰਗ ਸਬੰਧੀ ਮੁੜ ਲਿਖਤੀ ਪੱਤਰ ਮੈਡੀਕਲ ਸੁਪਰਡੰਟ, ਰਾਜਿੰਦਰਾ ਹਸਪਤਾਲ, ਪਟਿਆਲਾ ਨੂੰ ਪੇਸ਼ ਕਰੇਗੀ ਅਤੇ ਉਕਤ ਸੰਸਥਾ ਆਪਣੀ ਟਿੱਪਣੀ ਸਮੇਤ ਰਿਪੋਰਟ |

| | | | |
|---|---|---|---|
| | | ਇਨ੍ਹਾਂ ਨੂੰ ਵੋਕੇਸ਼ਨਲ ਲੀਵ ਸਕੀਮ ਵਿੱਚੋਂ ਕੱਢ ਕੇ ਜਨਰਲ ਕਰਮਚਾਰੀਆਂ ਵਾਂ ਛੁੱਟੀਆਂ ਦਿੱਤੀਆਂ ਜਾਣ ਕਿਉਂਕਿ ਇਨ੍ਹਾਂ ਨੂੰ ਵੋਕੇਸ਼ਨਲ ਸਟਾਫ ਨਾਲ ਸਬੰਧਤ ਕਰਨ ਦੀ ਕੋਈ ਉਚਿੱਤਤਾ ਨਹੀਂ ਜਾਪਦੀ। | ਇਸ ਦਫਤਰ ਨੂੰ ਭੇਜੇਗੀ। ਇਸ ਉਪਰੰਤ ਮਾਮਲਾ ਸਰਕਾਰ ਨਾਲ ਟੇਕ-ਅੱਪ ਕੀਤਾ ਜਾਵੇਗਾ। |
| 12) | ਸਰਕਾਰੀ ਮੈਡੀਕਲ ਕਾਲਜ ਵਿੱਚ ਕੰਮ ਕਰਦੇ ਕਾਮਨ ਰੂਮ ਅਟੈਂਡੈਂਟ ਅਤੇ ਸਪੋਰਟਸ ਅਸਿਸਟੈਂਟ ਆਦਿ ਨੂੰ ਪੈਨਸ਼ਨ ਅਤੇ ਗਰੈਚੁਟੀ ਸਕੀਮ ਅਧੀਨ ਲਿਆਉਣ ਬਾਰੇ। | ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਵਿਖੇ ਪਾਰਦਰਸੀ ਢੰਗ ਨਾਲ ਸਰਕਾਰੀ ਹਦਾਇਤਾਂ ਦੀ ਰੋਸਨੀ ਵਿੱਚ ਨਿਯੁਕਤ ਕੀਤੇ ਸ੍ਰੀ ਹਰੀ ਸਿੰਘ, ਸੁਰਿੰਦਰ ਸਿੰਘ, ਕਾਮਨ ਰੂਮ ਅਟੈਂਡੈਂਟ ਅਤੇ ਰਾਜ ਕੁਮਾਰ, ਇੰਦਰਜੀਤ ਅਤੇ ਸੰਜੀਵ ਕੁਮਾਰ, ਸਪੋਰਟਸ ਅਟੈਂਡੈਂਟ ਨੂੰ ਤਨਖਾਹ ਸਕੇਲ, ਭੱਤੇ ਅਤੇ ਹੋਰ ਸਹੂਲਤਾਂ ਮਿਤੀ 19.05.1995 ਨੂੰ ਜਾਰੀ ਨਿਯੁਕਤੀ ਪੱਤਰ ਵਿੱਚ ਦਿੱਤੇ ਗਏ ਹਨ। ਪਰੰਤੂ ਬਿਨਾ ਕਿਸੇ ਪ੍ਰਵਾਨਗੀ ਦੇ ਦਫਤਰੀ ਅਮਲੇ ਵੱਲੋਂ ਓਵਰ ਰਾਈਟਿੰਗ ਕਰਕੇ ਵਿਦਿਆਰਥੀ ਫੰਡਾਂ ਅਧੀਨ ਲਿਖਿਆ ਗਿਆ ਹੈ ਜੋ ਕਿ ਇੰਪਲਾਈਜ ਨਿਯਮਾਂ 1963 ਅਤੇ ਸੋਧ 2003 ਦੇ ਵਿਰੁੱਧ ਹੈ। ਇਸ ਲਈ ਜੱਥੇਬੰਦੀ ਵੱਲੋਂ ਇਨ੍ਹਾਂ ਨੂੰ ਪੈਨਸ਼ਨ ਅਤੇ ਗਰੈਚੁਟੀ ਆਦਿ ਜਿਹੇ ਲਾਭ ਦਿੱਤੇ ਜਾਣ ਦੀ ਮੰਗ ਨੂੰ ਪੂਰਾ ਨਹੀਂ ਕੀਤਾ ਗਿਆ ਹੈ। ਇਸ ਲਈ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਨੂੰ ਨਿਯਮਾਂ ਅਨੁਸਾਰ ਬਣਦੀਆਂ ਸਾਰੀਆਂ ਸਹੂਲਤਾਂ ਦਿੱਤੀਆਂ ਜਾਣ ਅਤੇ ਪੈਨਸ਼ਨ ਸਕੀਮ ਅਧੀਨ ਲਿਆਂਦਾ ਜਾਵੇ। | ਇਸ ਮੰਗ ਸਬੰਧੀ ਇਸ ਦਫਤਰ ਦੀ ਪੱਧਰ ਤੇ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਜਾਵੇ ਅਤੇ ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਪਾਸੋਂ ਸ੍ਰੀ ਹਰੀ ਸਿੰਘ, ਸੁਰਿੰਦਰ ਸਿੰਘ, ਕਾਮਨ ਰੂਮ ਅਟੈਂਡੈਂਟ ਅਤੇ ਰਾਜ ਕੁਮਾਰ, ਇੰਦਰਜੀਤ ਅਤੇ ਸੰਜੀਵ ਕੁਮਾਰ, ਸਪੋਰਟਸ ਅਟੈਂਡੈਂਟ ਦੀਆਂ ਨਿੱਜੀ ਮਿਸਲਾਂ, ਸਬੰਧਤ ਡੀਲਿੰਗ ਸਹਾਇਕ ਰਾਹੀਂ ਮੰਗਵਾ ਕੇ ਰਿਕਾਰਡ ਵਾਚਿਆ ਜਾਵੇਗਾ। ਕਮੇਟੀ ਦੀ ਰਿਪੋਰਟ ਅਨੁਸਾਰ ਅਗਲੇਰੀ ਕਾਰਵਾਈ ਕੀਤੀ ਜਾਵੇਗੀ। |

ਉਕਤ ਮੰਗਾਂ ਉੱਤੇ ਵਿਚਾਰ ਕਰਨ ਉਪਰੰਤ ਮੀਟਿੰਗ ਧੰਨਵਾਦ ਉਪਰੰਤ ਸਮਾਪਤ ਹੋਈ।

(ਬਲਦੇਵ ਸਿੰਘ, ਸੁਪਰਡੰਟ ਗ੍ਰੇਡ-1, ਐਮ.ਈ-2 ਸਾਖਾ, ਦਫਤਰ ਡੀ.ਆਰ.ਐਮ.ਈ, ਪੰਜਾਬ)

(ਸਰਬਜੀਤ ਸਿੰਘ, ਸੀਨੀਅਰ ਸਹਾਇਕ, ਐਮ.ਈ-2 ਸਾਖਾ)

09-2-2018

(ਦਰਸ਼ਨ ਸਿੰਘ ਲੁਬਾਣਾ, ਪ੍ਰਧਾਨ ਸੁਬੋਰਡੀਨੇਟ ਸਰਵਿਸ ਫੈਡਰੇਸ਼ਨ, ਪੰਜਾਬ)

( ਰਾਮ ਕ੍ਰਿਸ਼ਨ, ਪ੍ਰਧਾਨ ਜੁਆਇੰਟ ਕਮੇਟੀ)

P.T.O.

(ਸਵਰਨ ਸਿੰਘ ਬੰਗਾ, ਜਨਰਲ ਸਕੱਤਰ) (ਗੁਰਮੁਖ ਸਿੰਘ, ਸੀਨੀਅਰ ਮੀਤ ਪ੍ਰਧਾਨ) (ਕਮਲ ਗਿੱਲ, ਮੀਤ ਪ੍ਰਧਾਨ)

(ਡਾ: ਭੁਪਿੰਦਰ ਸਿੰਘ ਬਰਾੜ, ਮੈਡੀਕਲ ਸੁਪਰਡੰਟ, ਰਾਜਿੰਦਰਾ ਹਸਪਤਾਲ, ਪਟਿਆਲਾ)

(ਡਾ: ਗੁਰਦੀਪ ਸਿੰਘ ਕਲਿਆਣ, ਸੰਯੁਕਤ ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ)

(ਡਾ: ਅਵਨੀਸ ਕੁਮਾਰ, ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ)